ਪੰਜਾਬੀ
Punjabi

ਉਲੱਥਾ 1.0
Version 1.0

ਨਵੰਬਰ 2018
Nov 2018

# Reportable Conduct Scheme ਦੇ ਬਾਰੇ ਧਾਰਮਿਕ ਭਾਈਚਾਰਿਆਂ ਲਈ ਗਾਈਡ

# A guide for faith communities on the Reportable Conduct Scheme

COMMISSION FOR CHILDREN AND YOUNG PEOPLE

ਬੇਦਾਅਵਾ: ਇਹ ਗਾਈਡ ਸਿਰਫ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਦਾ ਉਦੇਸ਼ ਧਾਰਮਿਕ ਭਾਈਚਾਰਿਆਂ ਨੂੰ Reportable Conduct Scheme ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਨਾ ਹੈ। ਭਾਂਵੇਂ ਕਿ ਇਸ ਗਾਈਡ ਨੂੰ ਬਨਾਉਣ ਵਾਸਤੇ ਸਾਰਾ ਧਿਆਨ ਰੱਖਿਆ ਗਿਆ ਹੈ, ਇਸ ਦਾ ਮਕਸਦ ਕਾਨੂੰਨੀ ਅਗਵਾਈ ਦੇਣਾ ਨਹੀਂ ਹੈ। ਕਿਉਂਕਿ ਕਾਨੂੰਨ ਅਤੇ ਵਿਧਾਨਕ ਲੋੜਾਂ ਸਮੇਂ ਦੇ ਨਾਲ ਬਦਲਦੀਆਂ ਰਹਿੰਦੀਆਂ ਹਨ, ਸੰਸਥਾਂਵਾਂ ਲਈ ਉਹਨਾਂ ਉਪਰ ਲਾਗੂ ਹੋਣ ਵਾਲੀਆਂ ਵਿਧਾਨਕ ਲੋੜਾਂ ਦੀ ਪੁਸ਼ਟੀ ਕਰਨੀ ਅਤੇ ਆਪਣੇ ਖਾਸ ਹਾਲਾਤਾਂ ਵਾਸਤੇ ਕਾਨੂੰਨੀ ਸਲਾਹ ਲੈਣੀ ਜ਼ਰੂਰੀ ਹੈ।

## ਬੱਚਿਆਂ ਨੂੰ ਦੁਰਵਿਵਹਾਰ ਤੋਂ ਬਚਾਉਣਾ

ਬੱਚਿਆਂ ਨਾਲ ਦੁਰਵਿਵਹਾਰ ਸਵੀਕਾਰਯੋਗ ਨਹੀਂ ਹੈ। ਬੱਚਿਆਂ ਨੂੰ ਬਚਾਉਣਾ ਅਤੇ ਇਹ ਯਕੀਨੀ ਬਨਾਉਣਾ ਕਿ ਉਹ ਸੁਰੱਖਿਅਤ ਹਨ, ਸਾਡੀ ਸਾਰਿਆਂ ਦੀ ਕਾਨੂੰਨੀ ਅਤੇ ਨੈਤਿਕ ਜਿੰਮੇਵਾਰੀ ਹੈ।

ਸਾਡੇ ਧਾਰਮਿਕ ਭਾਈਚਾਰਿਆਂ ਸਮੇਤ ਸਾਨੂੰ ਸਾਰਿਆਂ ਨੂੰ ਆਪਣੀਆਂ ਸੰਸਥਾਵਾਂ ਵਿੱਚ ਦੁਰਵਿਵਹਾਰ ਨੂੰ ਰੋਕਣ ਅਤੇ ਬਚਾਅ ਕਰਨ ਦੇ ਅਭਿਆਸ ਤੇ ਵਿਵਹਾਰ ਸਥਾਪਿਤ ਕਰਨ ਦੀ ਲੋੜ ਹੈ। ਦੁਰਵਿਵਹਾਰ ਦੇ ਇਲਜ਼ਾਮਾਂ ਨਾਲ ਪੂਰੀ ਤਰ੍ਹਾਂ, ਜਲਦੀ ਅਤੇ ਜਾਇਜ਼ ਤਰੀਕੇ ਨਾਲ ਸਿੱਝਣ ਲਈ ਸਾਨੂੰ ਆਪਣੀਆਂ ਸੰਸਥਾਵਾਂ ਵਿੱਚ ਰਿਪੋਰਟ ਕਰਨ ਦੀਆਂ ਵਿਧੀਆਂ ਦੀ ਲੋੜ ਹੈ। ਇਹ ਦਸਤਾਵੇਜ਼ ਸੰਖੇਪ ਵਿੱਚ ਦੱਸਦਾ ਹੈ ਕਿ ਧਾਰਮਿਕ ਸੰਸਥਾਵਾਂ ਨੂੰ ਬੱਚਿਆਂ ਨਾਲ ਹੋਏ ਦੁਰਵਿਵਹਾਰ ਦੇ ਇਲਜ਼ਾਮਾਂ ਨਾਲ ਕਿਵੇਂ ਸਿੱਝਣਾ ਚਾਹੀਦਾ ਹੈ।

ਸੰਸਥਾਵਾਂ ਤੋਂ ਜੋ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਿਵੇਂ ਬੱਚਿਆਂ ਨਾਲ ਦੁਰਵਿਵਹਾਰ ਨੂੰ ਰੋਕਦੀਆਂ ਹਨ, ਅਤੇ ਦੁਰਵਿਵਹਾਰ ਦੇ ਇਲਜ਼ਾਮਾਂ ਨਾਲ ਕਿਵੇਂ ਸਿੱਝਦੀਆਂ ਹਨ, ਉਸਨੂੰ ਬਦਲਣ ਬਾਰੇ ਵਿਕਟੋਰੀਆ ਵਿੱਚ ਕਾਨੂੰਨ ਅਤੇ ਨਿਯਮ ਲਾਗੂ ਕੀਤੇ ਗਏ ਹਨ। ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਬੱਚਿਆਂ ਨਾਲ ਦੁਰਵਿਵਹਾਰ ਦੇ ਸਾਰੇ ਇਲਜ਼ਾਮਾਂ ਅਤੇ ਬੱਚਿਆਂ ਨਾਲ ਸਬੰਧਿਤ ਸਾਰੀਆਂ ਬਦਸਲੂਕੀਆਂ ਨੂੰ ਰਿਪੋਰਟ ਅਤੇ ਪੜਤਾਲ ਕਰਨ ਦੀ ਲੋੜ ਹੈ।

ਵਿਕਟੋਰੀਆ ਸਰਕਾਰ ਦੁਆਰਾ **Commission for Children and Young People (the Commission)** 2013 ਵਿੱਚ ਸਥਾਪਿਤ ਕੀਤਾ ਗਿਆ ਸੀ ਜੋ **Reportable Conduct Scheme (the Scheme)** ਦਾ ਸੰਚਾਲਨ ਕਰਦਾ ਹੈ ਜੋ ਸੰਸਥਾਵਾਂ ਲਈ ਬੱਚਿਆਂ ਨਾਲ ਦੁਰਵਿਵਹਾਰ ਦੇ ਸਾਰੇ ਇਲਜ਼ਾਮਾਂ ਅਤੇ ਬੱਚਿਆਂ ਨਾਲ ਸਬੰਧਿਤ ਸਾਰੀਆਂ ਬਦਸਲੂਕੀਆਂ ਦੀ ਰਿਪੋਰਟ ਕਰਨਾ, ਪੜਤਾਲ ਕਰਨਾ ਅਤੇ ਜਵਾਬ ਦੇਣਾ ਜ਼ਰੂਰੀ ਬਣਾਉਂਦਾ ਹੈ। Commission ਦੇ ਸੰਪਰਕ ਵੇਰਵੇ ਇਸ ਦਸਤਾਵੇਜ਼ ਦੇ ਅਖੀਰ ਤੇ ਦਿੱਤੇ ਗਏ ਹਨ।[1]

1 Scheme, *Child Wellbeing and Safety Act 2005* (the Act) ਦੁਆਰਾ ਸਥਾਪਿਤ ਕੀਤੀ ਗਈ ਹੈ

### ਹਾਲੀਆ ਇਤਿਹਾਸ



## Reportable Conduct Scheme ਕੀ ਹੈ?

Scheme ਇਸ ਨੂੰ ਯਕੀਨੀ ਬਨਾਉਣ ਲਈ ਬਣਾਈ ਗਈ ਹੈ ਕਿ Commission ਕੁਝ ਖਾਸ ਸੰਸਥਾਵਾਂ ਜੋ ਬੱਚਿਆਂ ਦੀ ਸੰਭਾਲ, ਨਿਗਰਾਨੀ ਅਤੇ ਅਧਿਕਾਰ ਰੱਖਦੀਆਂ ਹਨ, ਵਿੱਚ ਬੱਚਿਆਂ ਨਾਲ ਸਬੰਧਿਤ ਸਾਰੀ ਗੰਭੀਰ ਬਦਸਲੂਕੀ ਦੇ ਇਲਜ਼ਾਮਾਂ ਤੋਂ ਜਾਣੂ ਹੋਣ।

Commission's ਦੀ ਭੂਮਿਕਾ ਵਿੱਚ ਸ਼ਾਮਲ ਹਨ:

- ਸੰਸਥਾਵਾਂ ਦੇ ਇਲਜ਼ਾਮਾਂ ਬਾਰੇ ਦਿੱਤੇ ਜਵਾਬਾਂ ਅਤੇ ਇਹਨਾਂ ਜਵਾਬਾਂ ਨੂੰ ਸੁਧਾਰਨ ਦੀਆਂ ਸਿਫਾਰਸ਼ਾਂ ਕਰਨ ਨੂੰ ਸੁਤੰਤਰ ਤੌਰ ਤੇ ਵੇਖਣਾ ਅਤੇ ਨਿਗਰਾਨੀ ਰੱਖਣਾ
- ਜਿੰਨ੍ਹਾਂ ਸੰਸਥਾਵਾਂ ਨੂੰ ਇਲਜ਼ਾਮ ਪ੍ਰਾਪਤ ਹੁੰਦੇ ਹਨ, ਉਨ੍ਹਾਂ ਨੂੰ ਸਹਿਯੋਗ ਦੇਣਾ ਅਤੇ ਉਨ੍ਹਾਂ ਦੀ ਅਗਵਾਈ ਕਰਨਾ।

ਸੰਸਥਾਵਾਂ ਦੇ ਕਾਮਿਆਂ ਜਾਂ ਸਵੈ-ਸੇਵਕਾਂ ਦੁਆਰਾ ਬੱਚਿਆਂ ਨਾਲ ਕੀਤੇ ਦੁਰਵਿਵਹਾਰ ਦੇ ਇਲਜ਼ਾਮਾਂ ਅਤੇ ਬੱਚਿਆਂ ਨਾਲ ਸਬੰਧਿਤ ਸਾਰੀਆਂ ਬਦਸਲੂਕੀਆਂ ਦੇ ਇਲਜ਼ਾਮਾਂ ਬਾਰੇ ਦਿੱਤੇ ਜਵਾਬਾਂ ਨੂੰ ਸੁਧਾਰਨ ਵਿੱਚ Scheme ਮਦਦ ਕਰਦੀ ਹੈ।

## ਧਾਰਮਿਕ ਸੰਸਥਾਂਵਾਂ ਦੀਆਂ ਜ਼ਰੂਰਤਾਂ

ਧਾਰਮਿਕ ਸੰਸਥਾਂਵਾਂ ਦੀ ਹੁਣ ਇਹ ਕਰਨ ਦੀ ਜ਼ਿੰਮੇਵਾਰੀ ਹੈ:

- **ਸੰਸਥਾ ਦੇ ਮੁਖੀ**[2] ਦੀ ਪਛਾਣ ਕਰਨਾ ਜਾਂ ਉਸਨੂੰ ਮਨੋਨੀਤ ਕਰਨਾ – ਵਿਅਕਤੀ ਜੋ ਕਿ ਬੱਚਿਆਂ ਨਾਲ ਹੋਏ ਕਿਸੇ ਦੁਰਵਿਵਹਾਰ ਦੇ ਇਲਜ਼ਾਮਾਂ ਲਈ ਸੰਸਥਾ ਵਲੋਂ ਕੀਤੇ ਜਾਣ ਵਾਲੇ ਪ੍ਰਬੰਧ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹੈ, ਅਤੇ
- ਦੁਰਵਿਵਹਾਰ ਨੂੰ ਰੋਕਣ ਅਤੇ ਬਚਾਉਣ ਲਈ ਅਤੇ ਕਿਸੇ ਵੀ ਹੋ ਸਕਣ ਵਾਲੇ ਇਲਜ਼ਾਮਾਂ ਦਾ ਜਵਾਬ ਦੇਣ ਦੀਆਂ ਕਾਰਵਾਈਆਂ ਵਾਸਤੇ ਸੰਸਥਾ ਦੇ ਮੁਖੀ ਦੇ ਨਾਲ ਪ੍ਰਣਾਲੀ ਸਥਾਪਿਤ ਕਰਨਾ।

ਸੰਸਥਾ ਦੇ ਮੁਖੀ ਨੂੰ ਮਨੋਨੀਤ ਕਰਨ ਲਈ ਵਧੇਰੇ ਜਾਣਕਾਰੀ https://ccyp.vic.gov.au/reportable-conduct-scheme/for-organisations/#TOC-1 ਉਪਰ ਉਪਲਬਧ ਹੈ

ਕਾਨੂੰਨ ਦੁਆਰਾ ਲੋੜੀਂਦਾ ਹੈ ਕਿ ਧਾਰਮਿਕ ਸੰਸਥਾਂਵਾਂ ਬੱਚਿਆਂ ਨਾਲ ਹੋਏ ਦੁਰਵਿਵਹਾਰ ਦੇ ਇਲਜ਼ਾਮਾਂ ਅਤੇ ਬੱਚਿਆਂ ਨਾਲ ਸਬੰਧਿਤ ਸਾਰੀਆਂ ਬਦਸਲੂਕੀਆਂ ਨੂੰ ਗੰਭੀਰਤਾ ਨਾਲ ਲੈਣ। ਜੇਕਰ ਕਿਸੇ ਨੂੰ ਉਚਿੱਤ ਵਿਸ਼ਵਾਸ਼ ਹੈ ਕਿ ਰਿਪੋਰਟ ਕਰਨ ਯੋਗ ਸਲੂਕ ਜਾਂ ਬਦਸਲੂਕੀ ਵਾਲੀ ਘਟਨਾ ਹੋਈ ਹੈ ਜਿਸ ਵਿੱਚ ਰਿਪੋਰਟ ਕਰਨ ਯੋਗ ਕਾਰਵਾਈ ਸ਼ਾਮਲ ਹੋ ਸਕਦੀ ਹੈ, ਤਾਂ ਧਾਰਮਿਕ ਸੰਸਥਾ ਦਾ ਮੁਖੀ ਇਸ ਨੂੰ Commission ਜ਼ਰੂਰ ਰਿਪੋਰਟ ਕਰੇ। ਰਿਪੋਰਟ ਕਰਨ ਯੋਗ ਹਰਕਤ ਦੀ ਪਛਾਣ ਕਿਵੇਂ ਕਰਨੀ ਅਤੇ ਇਸ ਨਾਲ ਕਿਵੇਂ ਸਿੱਝਣਾ ਹੈ, ਇਸ ਬਾਰੇ ਇੱਥੇ ਇਕ ਛੋਟਾ ਜਿਹਾ ਸੰਖੇਪ ਦਿੱਤਾ ਗਿਆ ਹੈ।

**ਅਜਿਹੇ ਇਲਜ਼ਾਮ ਜੋ ਰਿਪੋਰਟ ਕਰਨ ਯੋਗ ਸਲੂਕ ਹਨ, ਉਹ ਹਨ**

- ਜਿਨਸੀ ਜੁਰਮ
- ਜਿਨਸੀ ਬਦਸਲੂਕੀ
- ਸਰੀਰਕ ਹਿੰਸਾ
- ਵਿਵਹਾਰ ਜੋ ਅਹਿਮ ਜਜ਼ਬਾਤੀ ਜਾਂ ਮਾਨਸਿਕ ਨੁਕਸਾਨ ਦਾ ਕਾਰਣ ਬਣੇ
- ਅਹਿਮ ਨਜ਼ਰਅੰਦਾਜ਼ੀ

## ਇਲਜ਼ਾਮ ਦੀ ਪਛਾਣ ਕਰਨੀ

ਸੰਸਥਾਂਵਾਂ ਨੂੰ ਰਿਪੋਰਟ ਕਰਨ ਯੋਗ ਉਨ੍ਹਾਂ ਹਰਕਤਾਂ ਜਾਂ ਬਦਸਲੂਕੀ ਵਾਲੇ ਇਲਜ਼ਾਮਾਂ ਦੀ ਰਿਪੋਰਟ ਅਤੇ ਪੜਤਾਲ ਕਰਨ ਦੀ ਲੋੜ ਹੁੰਦੀ ਹੈ ਜਿਸ ਵਿੱਚ ਰਿਪੋਰਟ ਕਰਨ ਯੋਗ ਕਾਰਵਾਈ ਸ਼ਾਮਲ ਹੋ ਸਕਦੀ ਹੈ। ਇੱਥੇ ਪੰਜ ਤਰ੍ਹਾਂ ਦੀਆਂ ਹਰਕਤਾਂ ਹਨ ਜਿੰਨ੍ਹਾਂ ਦੀ ਰਿਪੋਰਟ Commission ਨੂੰ ਕਰਨੀ ਚਾਹੀਦੀ ਹੈ:

- ਬੱਚੇ ਦੇ ਖਿਲਾਫ, ਉਸ ਦੇ ਨਾਲ ਜਾਂ ਬੱਚੇ ਦੀ ਮੌਜੂਦਗੀ ਵਿੱਚ ਹੋਏ ਜਿਨਸੀ ਜੁਰਮ
- ਬੱਚੇ ਦੇ ਖਿਲਾਫ, ਉਸ ਦੇ ਨਾਲ ਜਾਂ ਬੱਚੇ ਦੀ ਮੌਜੂਦਗੀ ਵਿੱਚ ਹੋਈ ਜਿਨਸੀ ਬਦਸਲੂਕੀ
- ਬੱਚੇ ਦੇ ਖਿਲਾਫ, ਉਸ ਦੇ ਨਾਲ ਜਾਂ ਬੱਚੇ ਦੀ ਮੌਜੂਦਗੀ ਵਿੱਚ ਹੋਈ ਸਰੀਰਕ ਹਿੰਸਾ
- ਵਿਵਹਾਰ ਜੋ ਬੱਚੇ ਲਈ ਅਹਿਮ ਜਜ਼ਬਾਤੀ ਜਾਂ ਮਾਨਸਿਕ ਨੁਕਸਾਨ ਦਾ ਕਾਰਣ ਬਣੇ
- ਬੱਚੇ ਦੀ ਅਹਿਮ ਨਜ਼ਰਅੰਦਾਜ਼ੀ।

ਇਲਜ਼ਾਮ ਕਿਸੇ ਦੇ ਖਿਲਾਫ ਵੀ ਲਗਾਏ ਜਾ ਸਕਦੇ ਹਨ ਜੋ ਧਾਰਮਿਕ ਸੰਸਥਾ ਵਿੱਚ ਕੰਮ ਕਰਦਾ ਹੈ ਜਾਂ ਇਸ ਨਾਲ ਸ਼ਾਮਲ ਹੈ – ਇਸ ਵਿੱਚ ਕਰਮਚਾਰੀ, ਸਵੈ-ਸੇਵਕ, ਅਫ਼ਸਰ, ਧਾਰਮਿਕ ਆਗੂ, ਸੰਭਾਲਕਰਤਾ ਜਾਂ ਠੇਕੇਦਾਰ ਸ਼ਾਮਲ ਹਨ। ਜੇਕਰ ਤੁਹਾਨੂੰ ਸਪਸ਼ਟ ਨਹੀਂ ਹੈ ਕਿ ਕੀ ਕੋਈ ਇਸ Scheme ਦੇ ਅਧੀਨ ਆਉਂਦਾ ਹੈ, ਤਾਂ Commission ਨੂੰ ਸੰਪਰਕ ਕਰੋ।

---

2 ਮਨੋਨੀਤ ਕਰਨ ਦਾ ਫੈਸਲਾ ਕਰਦੇ ਸਮੇਂ ਤੁਹਾਨੂੰ ਇਹ ਧਿਆਨ ਰੱਖਣਾ ਪਵੇਗਾ ਕਿ ਕੀ ਵਿਅਕਤੀ:

- ਸੰਸਥਾ ਦਾ ਇਕ ਉੱਚ ਵਿਅਕਤੀ ਹੈ
- ਸੰਸਥਾ ਦੇ ਮੁਖੀ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾ ਸਕਦਾ ਹੈ
- ਵਿਕਟੋਰੀਆ ਵਿੱਚ ਰਹਿੰਦਾ ਹੈ
- ਮਨੋਨੀਤ ਕਰਨ ਵਾਸਤੇ ਸਹਿਮਤੀ ਦਿੰਦਾ ਹੈ

ਉਪਰ ਦੱਸੇ ਗਏ ਲੋਕਾਂ ਦੇ ਬਾਰੇ ਇਲਜ਼ਾਮਾਂ ਨੂੰ ਰਿਪੋਰਟ ਕਰਨਾ ਜ਼ਰੂਰੀ ਹੈ, ਭਾਂਵੇਂ ਕਿ:

- ਉਹਨਾਂ ਦਾ ਬੱਚਿਆਂ ਨਾਲ ਕੋਈ ਸਿੱਧਾ ਸੰਪਰਕ ਨਹੀਂ ਹੈ
- ਹਰਕਤ ਉਹਨਾਂ ਦੇ ਸੰਸਥਾ ਨਾਲ ਕੰਮ ਜਾਂ ਜਿੰਮੇਵਾਰੀਆਂ ਤੋਂ ਬਾਹਰ ਵਾਪਰੀ ਹੈ।

ਕੋਈ ਵੀ ਰਿਪੋਰਟ ਕਰਨ ਯੋਗ ਇਲਜ਼ਾਮ ਲਗਾ ਸਕਦਾ ਹੈ। ਰਿਪੋਰਟ ਕਰਨ ਯੋਗ ਇਲਜ਼ਾਮ ਲਗਾਉਣ ਲਈ ਕਿਸੇ ਨੂੰ ਉਚਿੱਤ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਸੰਸਥਾ ਦੇ ਕਾਮੇ ਜਾਂ ਸਵੈ-ਸੇਵਕ ਨੇ ਕਥਿਤ ਰਿਪੋਰਟ ਕਰਨ ਯੋਗ ਹਰਕਤ ਕੀਤੀ ਹੈ।

ਉਚਿੱਤ ਵਿਸ਼ਵਾਸ਼ ਸ਼ੱਕ ਤੋਂ ਜ਼ਿਆਦਾ ਹੁੰਦਾ ਹੈ ਪਰ ਇਸ ਨੂੰ ਸਬੂਤ ਦੀ ਲੋੜ ਨਹੀਂ ਹੁੰਦੀ। ਇਕ ਵਾਰ ਉਚਿੱਤ ਵਿਸ਼ਵਾਸ਼ ਸਥਾਪਿਤ ਹੋ ਜਾਵੇ, ਸੰਸਥਾ ਦਾ ਮੁਖੀ ਜਾਂ ਮਨੋਨੀਤ ਕੀਤਾ ਹੋਇਆ ਵਿਅਕਤੀ ਇਲਜ਼ਾਮ ਦੀ ਰਿਪੋਰਟ Commission ਨੂੰ ਜ਼ਰੂਰ ਕਰੇ ਅਤੇ ਫਿਰ ਇਸ ਦੀ ਪੜਤਾਲ ਕਰੇ, ਬਿਨਾਂ ਇਹ ਵਿਚਾਰ ਕੀਤਿਆਂ ਕਿ ਉਹ ਇਸ ਵਿਸ਼ਵਾਸ਼ ਨੂੰ ਮੰਨਦਾ ਹੈ ਜਾ ਨਹੀਂ।

ਸੰਸਥਾ ਦਾ ਮੁਖੀ ਜਾਂ ਮਨੋਨੀਤ ਕੀਤਾ ਹੋਇਆ ਵਿਅਕਤੀ ਹਰੇਕ ਰਿਪੋਰਟ ਕਰਨ ਯੋਗ ਇਲਜ਼ਾਮਾਂ ਨੂੰ Commission ਨੂੰ ਜ਼ਰੂਰ ਸੂਚਿਤ ਕਰੇ ਅਤੇ ਹਰੇਕ ਰਿਪੋਰਟ ਕਰਨ ਯੋਗ ਇਲਜ਼ਾਮ ਦੀ ਜ਼ਰੂਰ ਪੜਤਾਲ ਕਰੇ।

ਜੇਕਰ ਬਾਲਗ ਉਪਰ ਲਿਖੇ ਪੰਜ ਤਰ੍ਹਾਂ ਦੀਆਂ ਹਰਕਤਾਂ ਵਿੱਚੋਂ ਕੋਈ ਵੀ ਇਕ 18 ਸਾਲ ਤੋਂ ਛੋਟੇ ਕਿਸੇ ਬੱਚੇ ਦੇ ਖਿਲਾਫ ਕਰਦਾ ਹੈ ਤਾਂ ਇਹ ਰਿਪੋਰਟ ਕਰਨ ਯੋਗ ਹਰਕਤ ਹੋ ਸਕਦੀ ਹੈ। ਇਸ ਵਿੱਚ ਉਸ ਬੱਚੇ ਨਾਲ ਕੀਤਾ ਸਲੂਕ ਵੀ ਸ਼ਾਮਲ ਹੈ, ਭਾਂਵੇਂ ਕਿ ਉਹ ਬੱਚਾ ਸੰਸਥਾ ਵਿੱਚ ਸ਼ਾਮਲ ਹੈ ਜਾਂ ਨਹੀਂ। ਇਕ ਬੱਚਾ ਰਿਪੋਰਟ ਕਰਨ ਯੋਗ ਹਰਕਤ ਨਹੀਂ ਕਰ ਸਕਦਾ, ਭਾਂਵੇਂ ਕਿ ਬੱਚੇ ਦੁਆਰਾ ਦੂਸਰੇ ਬੱਚੇ ਨਾਲ ਕੀਤੀ ਬਦਸਲੂਕੀ ਵਿੱਚ ਬਾਲਗ ਦੀ ਭੂਮਿਕਾ ਰਿਪੋਰਟ ਕਰਨ ਯੋਗ ਹਰਕਤ ਹੋ ਸਕਦੀ ਹੈ।

## ਰਿਪੋਰਟ ਕਰਨ ਯੋਗ ਹਰਕਤ ਬਾਰੇ ਕਾਰਵਾਈ ਕਰਨੀ



## ਜਦੋਂ ਇਲਜ਼ਾਮ ਲਗਾਇਆ ਜਾਂਦਾ ਹੈ

ਸਾਰੇ ਇਲਜ਼ਾਮ ਸੰਸਥਾ ਦੇ ਮੁਖੀ ਜਾਂ ਮਨੋਨੀਤ ਕੀਤੇ ਵਿਅਕਤੀ ਦੇ ਧਿਆਨ ਵਿੱਚ ਲਿਆਂਦੇ ਜਾਣੇ ਚਾਹੀਦੇ ਹਨ ਜਿਸ ਨੂੰ ਇਸ ਇਲਜ਼ਾਮ ਨੂੰ ਤਿੰਨ (3) ਕੰਮਕਾਰੀ ਦਿਨਾਂ ਦੇ ਅੰਦਰ Commission ਨੂੰ ਰਿਪੋਰਟ ਕਰਨ ਦੀ ਲੋੜ ਹੈ। ਤੀਹ (30) ਕੈਲੰਡਰ ਦਿਨਾਂ ਦੇ ਅੰਦਰ ਕੋਈ ਵੀ ਕੀਤੀ ਗਈ ਕਾਰਵਾਈ Commission ਨੂੰ ਦੱਸਣ ਦੀ ਵੀ ਲੋੜ ਹੈ।

ਜੇਕਰ ਇਲਜ਼ਾਮ ਫੌਜਦਾਰੀ ਰਵੱਈਏ ਵਾਲਾ ਹੈ, ਪੁਲਿਸ ਨੂੰ ਉਸੇ ਵੇਲੇ ਦੱਸਣਾ ਜ਼ਰੂਰੀ ਹੈ। ਸੰਸਥਾ ਦੇ ਅੰਦਰ ਕੁਝ ਅਫ਼ਸਰ ਵੀ ਹੋਣਗੇ ਜਿੰਨ੍ਹਾਂ ਨੂੰ ਦੱਸਣ ਦੀ ਲੋੜ ਹੋਵੇਗੀ। ਜੇਕਰ ਤੁਹਾਨੂੰ ਪੂਰਾ ਯਕੀਨ ਨਹੀਂ ਕਿ ਇਲਜ਼ਾਮ ਰਿਪੋਰਟ ਕਰਨ ਯੋਗ ਹਰਕਤ ਦੇ ਸਰੋਕਾਰ ਬਾਰੇ ਹੈ, ਤੁਹਾਨੂੰ Commission ਪਾਸੋਂ ਵਧੇਰੇ ਅਗਵਾਈ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

### ਪੜਤਾਲ ਦੀ ਕਿਰਿਆ

1. ਇਲਜ਼ਾਮ ਨੂੰ ਪੁਲਿਸ ਨੂੰ ਰਿਪੋਰਟ ਕਰੋ (ਜੇਕਰ ਫੌਜਦਾਰੀ ਹੈ)
2. ਮੁਲਾਂਕਣ ਕਰੋ ਕਿ ਕੀ ਇਲਜ਼ਾਮ ਰਿਪੋਰਟ ਕਰਨ ਯੋਗ ਹੈ
3. ਇਲਜ਼ਾਮ ਨੂੰ Commission ਨੂੰ ਰਿਪੋਰਟ ਕਰੋ (3 ਕੰਮਕਾਰ ਦੇ ਦਿਨਾਂ)
4. ਪੜਤਾਲ ਦੀ ਯੋਜਨਾ ਬਣਾਓ ਤੇ ਸਥਾਪਿਤ ਕਰੋ
5. ਪੂਰੀ ਅਤੇ ਨਿਆਂਪੂਰਵਕ ਪੜਤਾਲ ਕਰੋ
6. ਪੜਤਾਲ ਦੀ ਰਿਪੋਰਟ ਪੂਰੀ ਕਰੋ
7. ਨਤੀਜੇ ਲਾਗੂ ਕਰੋ ਜਾਂ ਸਿਫਾਰਸ਼ ਕਰੋ
8. Commission ਨੂੰ ਨਤੀਜਿਆਂ ਦੀ ਰਿਪੋਰਟ ਕਰੋ

ਸਾਰੀਆਂ ਰਿਪੋਰਟ ਕਰਨ ਯੋਗ ਹਰਕਤਾਂ ਜਾਂ ਬਦਸਲੂਕੀਆਂ ਜਿਸ ਵਿੱਚ ਰਿਪੋਰਟ ਕਰਨ ਯੋਗ ਹਰਕਤ ਸ਼ਾਮਲ ਹੋ ਸਕਦੀ ਹੈ, ਦੀ ਪੜਤਾਲ ਕਰਨ ਦੀ ਲੋੜ ਹੈ। ਜੇਕਰ ਪੁਲਿਸ ਇਲਜ਼ਾਮ ਦੀ ਪੜਤਾਲ ਕਰਨ ਦਾ ਫੈਸਲਾ ਕਰਦੀ ਹੈ, ਧਾਰਮਿਕ ਸੰਸਥਾ ਨੂੰ ਆਪਣੀ ਪੜਤਾਲ ਕਰਨ ਤੋਂ ਪਹਿਲਾਂ ਪੁਲਿਸ ਦੀ ਹਰੀ ਝੰਡੀ ਦੀ ਇੰਤਜ਼ਾਰ ਕਰਨ ਦੀ ਲੋੜ ਪਵੇਗੀ। ਸਾਰੇ ਦੂਸਰੇ ਮਾਮਲਿਆਂ ਵਿੱਚ ਸੰਸਥਾ ਦੇ ਮੁਖੀ ਨੂੰ ਇਲਜ਼ਾਮ (ਰਿਪੋਰਟ ਕਰਨ ਯੋਗ ਹਰਕਤ) ਬਾਰੇ ਸੱਚ ਸਥਾਪਿਤ ਕਰਨ ਲਈ ਅਤੇ ਨਤੀਜੇ ਪ੍ਰਾਪਤ ਕਰਨ ਲਈ ਪੜਤਾਲ ਦੀ ਨਿਯੁਕਤੀ ਤੇ ਨਿਗਰਾਨੀ ਕਰਨ ਦੀ ਲੋੜ ਹੋਵੇਗੀ।

## ਰਿਪੋਰਟ ਕਰਨ ਯੋਗ ਹਰਕਤ ਦੀ ਪੜਤਾਲ ਸ਼ੁਰੂ ਕਰਨੀ

ਸੰਸਥਾ ਦੇ ਮੁਖੀ ਜਾਂ ਮਨੋਨੀਤ ਕੀਤੇ ਵਿਅਕਤੀ ਦੁਆਰਾ ਰਿਪੋਰਟ ਕਰਨ ਯੋਗ ਹਰਕਤ ਦੇ ਇਲਜ਼ਾਮ ਦੀ ਪੜਤਾਲ ਕਰਨ ਲਈ ਇਕ ਕਾਬਲ ਵਿਅਕਤੀ ਦੀ ਨਿਯੁਕਤੀ ਕਰਨ ਦੀ ਲੋੜ ਹੁੰਦੀ ਹੈ। ਇਹ ਵਿਅਕਤੀ ਸੰਸਥਾ ਦੇ ਅੰਦਰੋਂ ਜਾਂ ਸੁਤੰਤਰ ਪੜਤਾਲੀਆ ਹੋ ਸਕਦਾ ਹੈ। ਪੜਤਾਲੀਆਂ ਦੀ ਨਿਯੁਕਤੀ ਨਹੀਂ ਕੀਤੀ ਜਾਣੀ ਚਾਹੀਦੀ ਜੇਕਰ ਉਹਨਾਂ ਦਾ ਇਲਜ਼ਾਮ ਦੇ ਸਬੰਧ ਵਿੱਚ ਜਾਂ ਸ਼ਾਮਲ ਲੋਕਾਂ ਨਾਲ ਅਸਲ ਵਿੱਚ ਜਾਂ ਕੋਈ ਕਥਿਤ ਸਵਾਰਥ ਹੋਵੇ।

ਪੜਤਾਲ ਨੂੰ ਹਵਾਲੇ ਦੀਆਂ ਸ਼ਰਤਾਂ ਅਤੇ ਯੋਜਨਾ ਦੀ ਲੋੜ ਹੋਵੇਗੀ ਜਿਸ ਵਿੱਚ ਮੁਲਾਕਾਤੀਆਂ ਦੀ ਪਛਾਣ ਅਤੇ ਸਬੂਤਾਂ ਦੇ ਸਰੋਤ ਸ਼ਾਮਲ ਹਨ। ਬੱਚੇ ਨਾਲ ਮੁਲਾਕਾਤ ਕਰਨ ਦਾ ਤਰੀਕਾ ਬਾਲਗ ਨਾਲ ਮੁਲਾਕਾਤ ਕਰਨ ਦੇ ਤਰੀਕੇ ਨਾਲੋਂ ਵੱਖਰਾ ਹੁੰਦਾ ਹੈ ਅਤੇ ਇਸ ਲਈ ਸਾਵਧਾਨੀ ਵਾਲੀ ਸੋਚ ਅਤੇ ਯੋਜਨਾ ਦੀ ਲੋੜ ਹੁੰਦੀ ਹੈ। ਕਈ ਵਾਰੀ ਪੜਤਾਲੀਏ ਲਈ ਬੱਚੇ ਨਾਲ ਮੁਲਾਕਾਤ ਕਰਨ ਲਈ ਕਿਸੇ ਅਜਿਹੇ ਵਿਅਕਤੀ ਕੋਲੋਂ ਸਹਾਇਤਾ ਲੈਣੀ ਜਿਸ ਨੂੰ ਬੱਚੇ ਨਾਲ ਮੁਲਾਕਾਤ ਕਰਨ ਦੀ ਖਾਸ ਸਿਖਲਾਈ ਅਤੇ ਨਿਪੁੰਨਤਾ ਹਾਸਲ ਹੋਵੇ, ਵਧੀਆ ਹੋ ਸਕਦਾ ਹੈ। ਕਿਸੇ ਵੀ ਮੁਲਾਕਾਤ ਲਈ ਇਲਜ਼ਾਮ ਦੇ ਸਬੰਧ ਵਿੱਚ ਸਮੇਂ ਦਾ ਧਿਆਨ ਰੱਖਣ ਦੀ ਲੋੜ ਹੈ।

### ਪੜਤਾਲ ਵਾਸਤੇ ਸਬੂਤਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਭੌਤਿਕ ਸਬੂਤ ਜਿਵੇਂ ਮੋਬਾਈਲਜ਼, ਈਮੇਲਾਂ
- ਜਗ੍ਹਾ ਦੀ ਜਾਂਚ ਜਿਵੇਂ ਫੋਟੋਆਂ, ਡਰਾਇੰਗਾਂ
- ਸਿੱਧੇ ਸਬੂਤ ਜਿਵੇਂ ਗਵਾਹ, ਮੁਲਾਕਾਤਾਂ
- ਮਾਹਿਰਾਂ ਦੇ ਸਬੂਤ ਜਿਵੇਂ ਡਾਕਟਰ, ਆਈ.ਟੀ ਮਾਹਿਰ

## ਰਿਪੋਰਟ ਕਰਨ ਯੋਗ ਹਰਕਤ ਦੀ ਪੜਤਾਲ ਕਰਨੀ

ਪੜਤਾਲ ਕਰਨ ਦੌਰਾਨ ਕੀਤੀਆਂ ਜਾ ਰਹੀਆਂ ਮੁਲਾਕਾਤਾਂ ਦੀ ਅਗਵਾਈ ਵਾਸਤੇ ਕਈ ਸਾਰੇ ਸਿਧਾਂਤ ਹਨ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਬੱਚੇ ਦੀ ਸੁਰੱਖਿਆ ਬਹੁਮੁੱਲੀ ਹੈ
- ਨਿੱਜਤਾ ਅਤੇ ਗੁਪਤਤਾ – ਮੁਲਾਕਾਤਾਂ ਦੇ ਵੇਰਵੇ ਸਿਰਫ ਉਹਨਾਂ ਲੋਕਾਂ ਨੂੰ ਪਤਾ ਹੋਣੇ ਚਾਹੀਦੇ ਹਨ ਜਿੰਨ੍ਹਾਂ ਨੂੰ ਜਾਨਣ ਦੀ ਲੋੜ ਹੈ
- ਸਭਿਆਚਾਰਕ ਅਤੇ ਧਾਰਮਿਕ ਸੰਵੇਦਨਸ਼ੀਲਤਾ – ਰਿਵਾਇਤਾਂ ਅਤੇ ਵਿਸ਼ਵਾਸ਼ਾਂ ਦੀ ਇਜ਼ਤ ਕੀਤੀ ਜਾਣੀ ਚਾਹੀਦੀ ਹੈ
- ਨਿਆਂਪੂਰਣ ਕਾਰਵਾਈ – ਲੋਕਾਂ ਨਾਲ ਨਿਆਂਪੂਰਵਕ ਅਤੇ ਇਜ਼ਤ ਨਾਲ ਵਰਤਾਓ ਕੀਤਾ ਜਾਣਾ ਚਾਹੀਦਾ ਹੈ

ਪੜਤਾਲ ਸਬੂਤ ਇਕੱਠੇ ਕਰੇ ਤੇ ਉਹਨਾਂ ਦਾ ਮੁਲਾਂਕਣ ਕਰੇ ਅਤੇ ਵਿਚਾਰ ਕਰੇ ਕਿ ਕੀ ਰਿਪੋਰਟ ਕਰਨ ਯੋਗ ਹਰਕਤ ਦੇ ਨਾ ਹੋਣ ਨਾਲੋਂ ਇਸਦੇ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

ਪੜਤਾਲੀਏ ਵੱਲੋਂ ਸੰਸਥਾ ਦੇ ਮੁਖੀ ਜਾਂ ਮਨੋਨੀਤ ਕੀਤੇ ਵਿਅਕਤੀ ਨੂੰ ਦਿੱਤੀ ਜਾ ਰਹੀ ਰਿਪੋਰਟ ਵਿੱਚ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਇਲਜ਼ਾਮ substantiated, unsubstantiated, unfounded, or conduct outside the scope of the Scheme ਹਨ।

Commission ਆਮ ਤੌਰ ਤੇ ਸਾਬਤ ਹੋਏ ਨਤੀਜਿਆਂ ਨੂੰ Working with Children Check Unit ਕੋਲ ਇਲਜ਼ਾਮ ਦੇ ਦੋਬਾਰਾ ਮੁਲਾਂਕਣ Working with Children Check ਵਾਸਤੇ ਭੇਜ ਦਿੰਦਾ ਹੈ।

### ਪੜਤਾਲ ਵਾਲੀ ਰਿਪੋਰਟ ਦੇ ਨਤੀਜਿਆਂ ਦੀਆਂ ਕਿਸਮਾਂ

**ਅਨੁਮਾਨਾਂ ਦੀ ਤੱਕੜੀ ਉਪਰ, ਇਲਜ਼ਾਮ ਇਸ ਤਰ੍ਹਾਂ ਦਾ ਹੈ:**

- **Substantiated**
- **Unsubstantiated**
- **Unfounded**
- **Conduct outside the Scheme**

**ਨਤੀਜਿਆਂ ਦੀਆਂ ਕਿਸਮਾਂ ਦੇ ਹੋਰ ਵੇਰਵੇ Commission ਦੀ ਵੈਬਸਾਈਟ ਉਪਰ ਲੱਭੇ ਜਾ ਸਕਦੇ ਹਨ।**

### The Reportable Conduct Scheme ਬਾਰੇ ਵਧੇਰੇ ਜਾਣਕਾਰੀ ਇਹਨਾਂ ਰਾਹੀਂ ਉਪਲਬਧ ਹੈ:

**ਵੈਬਸਾਈਟ: ccyp.vic.gov.au/reportableconduct**

**ਈਮੇਲ: contact@ccyp.vic.gov.au**

**ਫੋਨ: 03 8601 5281 ਜਾਂ 1300 782 978**

Interpreter

**ਜੇਕਰ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ, ਕਿਰਪਾ ਕਰਕੇ ਟਰਾਂਸਲੇਟਿੰਗ ਐਂਡ ਇੰਟਰਪਰੇਟਿੰਗ ਸਰਵਿਸ ਨੂੰ 13 14 50 ਉਪਰ ਫੋਨ ਕਰੋ ਅਤੇ ਉਹਨਾਂ ਨੂੰ ਕਮਿਸ਼ਨ ਫਾਰ ਚਿਲਡਰਨ ਐਂਡ ਯੰਗ ਪਿਊਪਲ ਨਾਲ 03 8601 5281 ਉਪਰ ਸੰਪਰਕ ਕਰਨ ਲਈ ਕਹੋ।**

# Reportable Conduct Scheme ਅਤੇ Child Safe Standards Resources

## Reportable Conduct Scheme ਜਾਣਕਾਰੀ ਸ਼ੀਟਾਂ - ਸੰਸਥਾਵਾਂ ਲਈ ਅਗਵਾਈ

https://ccyp.vic.gov.au/rcs-factsheets

1. Reportable Conduct Scheme ਦੇ ਬਾਰੇ
2. ਰਿਪੋਰਟ ਕਰਨ ਯੋਗ ਹਰਕਤ ਕੀ ਹੈ?
3. ਸੰਸਥਾ ਦੇ ਮੁਖੀ ਦੀਆਂ ਜ਼ਿੰਮੇਵਾਰੀਆਂ
4. ਪੜਤਾਲ ਦੀ ਸੰਖੇਪ ਜਾਣਕਾਰੀ
5. ਰਿਪੋਰਟ ਕਰਨ ਵਾਲੇ ਹੋਰ ਫ਼ਰਜ਼
6. Child Safe Standards ਅਤੇ Reportable Conduct Scheme
7. Commission ਨੂੰ ਰਿਪੋਰਟ ਕਰਨਾ
8. ਪੜਤਾਲਾਂ ਦੇ ਨਤੀਜੇ
9. ਜਿਨਸੀ ਬਦਸਲੂਕੀ
10. ਸਰੀਰਕ ਹਿੰਸਾ
11. ਅਹਿਮ ਨਜ਼ਰਅੰਦਾਜ਼ੀ
12. ਇਤਿਹਾਸਕ ਇਲਜ਼ਾਮ
13. ਕਰਮਚਾਰੀ ਅਤੇ ਸਵੈ-ਸੇਵਕ
14. Commission ਦੀਆਂ ਆਪਣੀਆਂ ਮਤਾ ਪੜਤਾਲਾਂ

## ਅਨੁਵਾਦਤ ਜਾਣਕਾਰੀ ਸ਼ੀਟਾਂ

https://ccyp.vic.gov.au/child-safety/resources/translated-information-sheets

- Arabic (ਅਰਬੀ)
- Burmese (ਬਰਮ੍ਹੀ)
- Chinese (Simplified) (ਚੀਨੀ (ਸੌਖੀ))
- Chinese (Traditional) (ਚੀਨੀ (ਰਿਵਾਇਤੀ))
- Dari (ਡਰੀ)
- Dinka (ਡਿੰਕਾ)
- English (plain) (ਅੰਗਰੇਜ਼ੀ (ਸਾਦੀ))
- Greek (ਯੂਨਾਨੀ)
- Hindi (ਹਿੰਦੀ)
- Indonesian (ਇੰਡੋਨੇਸ਼ੀਅਨ)
- Korean (ਕੋਰੀਅਨ)
- Pashto (ਪਸ਼ਤੋ)
- Persian – Farsi (ਫਾਰਸੀ)
- Punjabi (ਪੰਜਾਬੀ)
- Somali (ਸੋਮਾਲੀ)
- Vietnamese (ਵੀਅਤਨਾਮੀ)




## ਸੰਸਥਾਵਾਂ ਲਈ ਅਗਵਾਈ - ਰਿਪੋਰਟ ਕਰਨ ਯੋਗ ਹਰਕਤ ਦੇ ਇਲਜ਼ਾਮ ਦੀ ਪੜਤਾਲ ਕਰਨੀ

https://ccyp.vic.gov.au/guides




## ਬਾਲ ਸੁਰੱਖਿਆ ਸੰਸਥਾ ਬਨਾਉਣ ਲਈ ਇਕ ਗਾਈਡ




## ਵੀਡੀਓ ਅਤੇ ਪੇਸ਼ਕਾਰੀਆਂ

https://ccyp.vic.gov.au/guides



COMMISSION FOR CHILDREN
AND YOUNG PEOPLE